1.3.97

# ਅਤਿਵਾਦੀ, ਪੁਲਸ ਤੇ ਲੋਕ

ਗੁਰਸ਼ਰਨ ਸਿੰਘ

ਪੰਜਾਬ ਨੇ 1981-1993 ਇਕ ਕਾਲਾ ਦੌਰ ਵੇਖਿਆ ਹੈ। ਇਸ ਦੌਰ ਵਿਚ ਅਤਿਵਾਦੀ ਟੋਲਿਆਂ ਨੇ ਮਾਸੂਮ ਲੋਕਾਂ ਦੇ ਕਤਲ ਕੀਤੇ, ਬੱਸਾਂ ਵਿਚੋਂ ਕੱਢਕੇ ਇਕ ਫਿਰਕੇ ਦੇ ਲੋਕਾਂ ਨੂੰ ਮਾਰਿਆ, ਨਹਿਰਾਂ 'ਤੇ ਕੰਮ ਕਰਦਿਆਂ ਪਰਵਾਸੀ ਮਜ਼ਦੂਰਾਂ ਨੂੰ ਮਾਰਿਆ, ਲੇਖਕ, ਚਿੰਤਕਾਂ ਅਤੇ ਸਿਆਸੀ ਕਾਰਕੁੰਨਾਂ ਨੂੰ ਮਾਰਿਆ, ਜਿਨ੍ਹਾਂ ਘਰਾਂ ਵਿਚ ਉਹ ਰਾਤ ਠਹਿਰੇ ਉਨ੍ਹਾਂ ਦੀਆਂ ਧੀਆਂ-ਭੈਣਾਂ ਦੀਆਂ ਇੱਜ਼ਤਾਂ ਨੂੰ ਹੱਥ ਪਾਇਆ, ਫਿਰੌਤੀਆਂ ਲਈਆਂ ਤੇ ਡਾਕੇ ਮਾਰੇ। ਇਸ ਦੌਰ ਵਿਚ ਪੁਲਸ ਨੇ ਬੇਪਨਾਹ ਜ਼ੁਲਮ ਕੀਤੇ। ਝੂਠੇ ਪੁਲਸ ਮੁਕਾਬਲੇ ਬਣਾਏ, ਘਰ ਵਾਲਿਆਂ ਤੇ ਤਸ਼ੱਦਦ ਕੀਤਾ, ਤਸੀਹੇ ਘਰਾਂ ਵਿਚ ਤਸੀਹੇ ਦੇ ਦੇ ਕੇ ਹਜ਼ਾਰਾਂ ਨੌਜਵਾਨਾਂ ਨੂੰ ਜਾਂ ਤਾਂ ਮਾਰ ਦਿੱਤਾ ਜਾਂ ਜ਼ਿੰਦਗੀ ਭਰ ਲਈ ਨਕਾਰਾ ਤੇ ਅਪਾਹਜ ਕਰ ਦਿੱਤਾ। ਮਨਿੰਦਰ ਕਾਂਗ ਦੀ ਇਕ ਕਹਾਣੀ 'ਜੂੰਨ' ਵਿਚ ਇਸ ਹੌਲਨਾਕ ਵਰਤਾਰੇ ਦਾ ਪੂਰਾ ਜ਼ਿਕਰ ਹੈ। ਹੁਣ ਇਹ ਤਾਂ ਸਪਸ਼ਟ ਹੈ ਕਿ ਜੋ ਕੁੱਝ ਇਨ੍ਹਾਂ 12 ਸਾਲਾਂ ਵਿਚ ਹੋਇਆ ਹੈ, ਉਹਦੇ ਬਾਰੇ ਹਰ ਪੰਜਾਬੀ ਦੁਖੀ ਵੀ ਹੈ ਤੇ ਸ਼ਰਮਿੰਦਾ ਵੀ ਹੈ ਤੇ ਉਹ ਕਦੀ ਨਹੀਂ ਚਾਹਵੇਗਾ ਕਿ ਜੋ ਕੁੱਝ ਹੋਇਆ ਹੈ, ਉਹ ਫਿਰ ਹੋਵੇ।

ਇਹ ਸਭ ਕੁੱਝ ਕਿਉਂ ਤੇ ਕਿਵੇਂ ਹੋਇਆ, ਇਸਦੇ ਬਾਰੇ ਬਹਿਸ ਹੈ। ਸਿਆਸੀ ਪਾਰਟੀਆਂ ਖਾਸ ਕਰਕੇ ਅਕਾਲੀ ਅਤੇ ਕਾਂਗਰਸ ਇਕ ਦੂਜੇ ਨੂੰ ਦੋਸ਼ੀ ਕਹਿੰਦੇ ਹਨ। ਕਾਂਗਰਸੀ ਤਾਂ ਇਥੋਂ ਤੱਕ ਵੀ ਕਹਿੰਦੇ ਹਨ ਕਿ ਹੁਣ ਜਦ ਅਕਾਲੀਆਂ ਦੀ ਸਰਕਾਰ ਬਣ ਗਾਇ ਹੈ ਤਾਂ ਅਤਿਵਾਦੀ ਫੇਰ ਸਿਰ ਚੁੱਕਣਗੇ। ਬਹਿਸ ਵਿਚ ਇਸ ਮੁੱਦੇ ਤੇ ਕੋਈ ਇਤਫਾਕ ਗਏ ਨਹੀਂ। ਇਥੋਂ ਤੱਕ ਫਿਲਮ 'ਮਾਚਿਸ' ਬਾਰੇ ਵੀ ਇਕ ਰਾਏ ਨਹੀਂ ਬਣਦੀ। ਇਨ੍ਹਾਂ ਦੇ ਅਨੁਸਾਰ ਗੁਲਜ਼ਾਰ ਨੇ ਸਾਰੇ ਦੁਖਾਂਤ ਨੂੰ ਬੰਬਈਆ ਛੋਹ ਦੇ ਕੇ ਉਤਲੀ-ਉਤਲੀ ਸਤੱਈ ਗੱਲ ਹੀ ਕੀਤੀ ਹੈ। ਦੂਜਿਆਂ ਦੀ ਰਾਏ ਅਨੁਸਾਰ ਉਹਨੇ ਸੱਚ ਪੇਸ਼ ਕੀਤਾ ਹੈ। ਇਕ ਹੋਰ ਰਾਇ ਅਨੁਸਾਰ ਉਹਨੇ ਅਤਿਵਾਦੀਆਂ ਨੂੰ ਸ਼ਹਿ ਦਿੱਤੀ ਹੈ ਅਤੇ ਪੁਲਸ ਦੀ ਨਾਂਹ ਪੱਖੀ ਭੂਮਿਕਾ 'ਤੇ ਜ਼ੋਰ ਦਿੱਤਾ ਹੈ, ਕੁੱਝ ਵੀ ਰਾਇ ਹੋਵੇ ਇਹ ਸੱਚ ਫੇਰ ਇਸ ਬਹਿਸ ਵਿਚੋਂ ਉਭਰਦਾ ਹੈ ਕਿ ਜੋ ਕੁੱਝ ਹੋਇਆ ਹੈ। ਉਹ ਅਮਾਨਵਵਾਦੀ ਹੋਇਆ ਹੈ ਤੇ ਫੇਰ ਇਹ ਕਦਾਚਿਤ ਨਹੀਂ ਹੋਣਾ ਚਾਹੀਦਾ। ਇਨ੍ਹਾਂ ਦਿਨਾਂ ਵਿਚ ਸਾਰਿਆਂ ਨਾਲੋਂ ਵੱਧ ਚਰਚਾ ਪੁਲਸ ਦੀ ਭੂਮਿਕਾ ਬਾਰੇ ਹੈ। ਹਜ਼ਾਰ ਤੋਂ ਵੱਧ ਲਾਸ਼ਾਂ ਜਿਹੜੀਆਂ ਲਾਵਾਰਸ ਕਹਿਕੇ ਸਾੜ ਦਿੱਤੀਆਂ ਗਈਆਂ, ਉਨ੍ਹਾਂ ਬਾਰੇ ਸੱਚ ਬਾਹਰ ਆ ਗਿਆ ਹੈ। ਇਹ ਲਾਸ਼ਾਂ ਉਹਨਾਂ ਵਿਅਕਤੀਆਂ ਦੀਆਂ ਹਨ ਜਿਨ੍ਹਾਂ ਨੂੰ ਪੁਲਸ ਨੇ ਨੰਗੇ ਚਿੱਟੇ ਰੂਪ ਵਿਚ ਕਤਲ ਕੀਤਾ ਹੈ। ਕੌਮੀ ਮਨੁੱਖੀ ਅਧਿਕਾਰ ਕਮਿਸ਼ਨ (ਐਨ. ਐਚ. ਆਰ. ਸੀ.) ਅੰਮ੍ਰਿਤਸਰ ਵਿਖੇ ਬੈਠੀ ਹੈ। ਉਸ ਅੱਗੇ ਵਾਰਸਾਂ ਨੇ ਹਲਫੀਆ ਬਿਆਨ ਦਿੱਤੇ ਹਨ। ਜਿਨ੍ਹਾਂ ਅਨੁਸਾਰ ਉਨ੍ਹਾਂ ਦੇ ਬੱਚਿਆਂ ਨੂੰ ਪੁਲਸ ਨੇ ਘਰੋਂ ਚੁੱਕਿਆ ਹੈ ਤੇ ਬਾਅਦ ਵਿਚ ਪੁਲਸ ਮੁਕਾਬਲਾ ਬਣਾਕੇ ਮਾਰਿਆ ਹੈ। ਜਿਹੜੇ ਪੁਲਸ ਅਧਿਕਾਰੀ ਦੋਸ਼ੀ ਹਨ, ਉਤਲਿਆਂ ਨੇ ਡਰਦੇ ਮਾਰੇ ਅਗਾਂਹੂ ਬਿਆਨ ਦੇਣੇ ਸ਼ੁਰੂ ਕਰ ਦਿੱਤੇ ਹਨ ਕਿ ਅਸੀਂ ਸਭ ਕੁੱਝ ਉਹਨਾਂ ਦੇ ਹੁਕਮਾਂ ਅਨੁਸਾਰ ਕੀਤਾ ਹੈ। ਕੁੱਝ ਨੇ ਤਾਂ ਸਾਫ ਹੀ ਕਹਿ ਦਿੱਤਾ ਹੈ ਕਿ ਜੇ ਫੜਨਾ ਹੈ ਤਾਂ ਕੇ. ਪੀ. ਐਸ. ਗਿੱਲ ਨੂੰ ਫੜੋ, ਜਿਸਦੇ ਹੁਕਮ ਅਨੁਸਾਰ ਉਨ੍ਹਾਂ ਨੇ ਅਣਮਨੁੱਖੀ ਡਿਊਟੀ ਨਿਭਾਈ ਹੈ। ਉਂਞ ਉਹ ਇਹ ਵੀ ਕਹਿੰਦੇ ਹਨ ਕਿ ਜੇ ਉਹ ਇਹ ਸਭ ਕੁੱਝ ਨਾ ਕਰਦੇ ਤਾਂ ਪੰਜਾਬ ਨੂੰ ਕਦੀ ਸ਼ਾਂਤੀ ਨਹੀਂ ਮਿਲਣੀ ਸੀ।

**ਜਿਨ੍ਹਾਂ ਪੁਲਸ ਅਧਿਕਾਰੀਆਂ ਅਤੇ ਕਰਮਚਾਰੀਆਂ ਨੇ ਆਪਣੀ ਜਾਨ ਦੀ ਪ੍ਰਵਾਹ ਨਾ ਕਰਦਿਆਂ ਹੋਇਆਂ ਆਪਣਾ ਫਰਜ਼ ਨਿਭਾਇਆ, ਉਨ੍ਹਾਂ ਦੀ ਸ਼ਨਾਖਤ ਕੀਤੀ ਜਾਏ। ਜਿਹੜੇ ਡਿਊਟੀ ਨਿਭਾਉਂਦੇ ਸ਼ਹਾਦਤ ਪਾ ਗਏ, ਉਨ੍ਹਾਂ ਦੇ ਟੱਬਰਾਂ ਦਾ ਪੂਰਾ ਧਿਆਨ ਮਹਿਕਮਾ ਕਰੇ ਪਰ ਜਿਹੜੇ ਪੁਲਸ ਅਫਸਰਾਂ ਨੇ ਦੌਲਤ ਜਮਾਂ ਕਰਨ ਲਈ ਸਭ ਗਲਤ ਕਾਰਵਾਈਆਂ ਕੀਤੀਆਂ, ਉਹਨਾਂ ਨੂੰ ਕਦੀ ਮੁਆਫ ਨਾ ਕੀਤਾ ਜਾਏ।**

ਇਸ ਮੁੱਦੇ 'ਤੇ ਵਕੀਲਾਂ ਵਿਚ ਵੀ ਬਹਿਸ ਹੈ ਕਿ ਇਨ੍ਹਾਂ ਦੋਸ਼ੀ ਪੁਲਸ ਕਰਮਚਾਰੀਆਂ ਤੇ ਅਧਿਕਾਰੀਆਂ ਦਾ ਮੁਕੱਦਮਾ ਮਹਿਕਮੇ ਵੱਲੋਂ ਸਰਕਾਰੀ ਖਰਚ 'ਤੇ ਲੜਿਆ ਜਾਏ ਜਾਂ ਇਹ ਨਿੱਜੀ ਤੌਰ 'ਤੇ ਆਪਣੇ ਖਰਚ ਤੇ ਆਪਣਾ ਕੇਸ ਲੜਨ। ਦਲੀਲ ਇਹ ਦਿੱਤੀ ਜਾਂਦੀ ਹੈ ਕਿ ਮਹਿਕਮਾ ਜੇਕਰ ਉਨ੍ਹਾਂ ਦੇ ਹੱਕ ਵਿਚ ਨਹੀਂ ਖਲੋਏਗਾ ਤਾਂ ਉਹ ਸਮਾਜ ਦੁਸ਼ਮਣ ਅਨਸਰ ਦੇ ਵਿਰੁੱਧ ਆਪਣੀ ਜ਼ਿੰਮੇਵਾਰੀ ਕਿਸ ਤਰ੍ਹਾਂ ਨਿਭਾਉਣਗੇ? ਜਵਾਬ ਹੈ ਕਿ ਇਹ ਮਹਿਕਮਾ ਹੈ ਇਸ ਲਈ ਕਿ ਉਹ ਸਮਾਜ ਦੁਸ਼ਮਣਾਂ ਨੂੰ ਕਾਬੂ ਕਰਨ। ਜੇ ਚੈਲਿੰਜ ਵੱਡਾ ਹੈ ਤਾਂ ਵੱਡੇ ਸਾਧਨ ਜੁਟਾਏ ਜਾਣ। ਉਨ੍ਹਾਂ ਦਾ ਕਦੀ ਵੀ ਇਹ ਹੱਕ ਨਹੀਂ ਕਿ ਉਹ ਆਪ ਹੀ ਜੱਜ ਅਤੇ ਆਪ ਹੀ ਜਲਾਦ ਵਾਲੀ ਭੂਮਿਕਾ ਨਿਭਾਉਣ। ਮਰਹੂਮ ਸ੍ਰੀ ਬੇਅੰਤ ਸਿੰਘ ਦੀ ਸ਼ਹਿ ਉੱਤੇ ਕੇ. ਪੀ. ਐਸ. ਗਿੱਲ ਨੇ ਜੋ ਕੀਤਾ ਹੈ, ਇਤਿਹਾਸ ਉਹਨੂੰ ਮੁਆਫ ਨਹੀਂ ਕਰ ਸਕਦਾ। ਲੋੜ ਹੈ ਕਿ ਇਸ ਸਾਰੇ ਵਰਤਾਰੇ ਬਾਰੇ ਮਾਨਵੀ ਪਹੁੰਚ ਅਪਣਾਈ ਜਾਵੇ। ਜਿਨ੍ਹਾਂ ਪੁਲਸ ਅਧਿਕਾਰੀਆਂ ਅਤੇ ਕਰਮਚਾਰੀਆਂ ਨੇ ਆਪਣੀ ਜਾਨ ਦੀ ਪ੍ਰਵਾਹ ਨਾ ਕਰਦਿਆਂ ਹੋਇਆਂ ਆਪਣਾ ਫਰਜ਼ ਨਿਭਾਇਆ, ਉਨ੍ਹਾਂ ਦੀ ਸ਼ਨਾਖਤ ਕੀਤੀ ਜਾਏ। ਡਿਊਟੀ ਨਿਭਾਉਂਦਿਆਂ ਉਹਨ੍ਹਾਂ ਕੋਲੋਂ ਜੇਕਰ ਕੋਈ ਗਲਤੀ ਵੀ ਹੋਈ ਤਾਂ ਉਸ ਬਾਰੇ ਹਮਦਰਦੀ ਨਾਲ ਸੋਚਿਆ ਜਾਏ। ਜਿਹੜੇ ਡਿਊਟੀ ਨਿਭਾਉਂਦੇ ਸ਼ਹਾਦਤ ਪਾ ਗਏ, ਉਨ੍ਹਾਂ ਦੇ ਟੱਬਰਾਂ ਦਾ ਪੂਰਾ ਧਿਆਨ ਮਹਿਕਮਾ ਕਰੇ ਪਰ ਜਿਹੜੇ ਪੁਲਸ ਅਫਸਰਾਂ ਨੇ ਦੌਲਤ ਜਮਾਂ ਕਰਨ ਲਈ ਉਗਰਾਹੀਆਂ ਲੈਣ ਲਈ, ਜਾਂ ਨਜਾਇਜ਼ ਤਰੱਕੀ ਲੈਣ ਲਈ ਸਭ ਗਲਤ ਕਾਰਵਾਈਆਂ ਕੀਤੀਆਂ, ਉਹਨਾਂ ਨੂੰ ਕਦੀ ਮੁਆਫ ਨਾ ਕੀਤਾ ਜਾਏ। ਉਹਨਾਂ ਦੀ ਸ਼ਨਾਖਤ ਕਰਕੇ ਬਣਦੀਆਂ ਸਜ਼ਾਵਾਂ ਉਨ੍ਹਾਂ ਨੂੰ ਦਿੱਤੀਆਂ ਜਾਣੀਆਂ ਜ਼ਰੂਰੀ ਹਨ। ਸਾਡੇ ਸਮਾਜਕ ਵਰਤਾਰੇ ਵਿਚ ਇਹ ਵੱਡਾ ਨੁਕਸ ਹੈ ਕਿ ਅਸੀਂ ਸ਼ਨਾਖਤ ਦੀ ਪ੍ਰਕ੍ਰਿਆ ਵਿਚ ਨਹੀਂ ਪੈਂਦੇ, ਸਗੋਂ ਆਮ ਜਿਹੀਆਂ ਗੱਲਾਂ ਕਰਕੇ ਮੁੱਦੇ ਨੂੰ ਧੁੰਦਲਾ ਕਰ ਦੇਂਦੇ ਹਾਂ। ਚੰਗੇ ਪੁਲਸ ਵਾਲਿਆਂ ਦੀ ਪ੍ਰਸੰਸਾ ਅਤੇ ਦੋਸ਼ੀ ਪੁਲਸ ਵਾਲਿਆਂ ਨੂੰ ਸਜ਼ਾ ਮਿਲਣੀ ਜ਼ਰੂਰੀ ਹੈ। ਪੰਜਾਬ ਦੇ ਸੂਝਵਾਨ ਲੋਕਾਂ ਵੱਲੋਂ ਸ਼ਿੱਦਤ ਨਾਲ ਆਵਾਜ਼ ਉੱਠਣੀ ਚਾਹੀਦੀ ਹੈ।